# Visit of Minister of Petroleum and Natural Gas to Kuwait

October 11, 2020

## ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਵੱਲੋਂ ਕੁਵੈਤ ਦੀ ਫੇਰੀ

11 ਅਕਤੂਬਰ, 2020

ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਸ਼੍ਰੀ ਧਰਮਿੰਦਰ ਪ੍ਰਧਾਨ 11-12 ਅਕਤੂਬਰ 2020 ਨੂੰ ਕੁਵੈਤ ਰਾਜ ਦੇ ਸਾਬਕਾ ਅਮੀਰ ਮਹਾਮਹਿਮ ਸ਼ੇਖ ਸਬਾਹ ਅਲ-ਅਹਿਮਦ ਅਲ-ਜਬਰ ਅਲ ਦੀ ਦੁਖਦਾਈ ਮੌਤ 'ਤੇ ਭਾਰਤ ਸਰਕਾਰ ਵੱਲੋਂ ਕੁਵੈਤੀ ਆਗੂਆਂ ਨੂੰ ਸੋਗ ਪ੍ਰਗਟਾਉਣ ਲਈ ਕੁਵੈਤ ਦੀ ਯਾਤਰਾ ਕਰਨਗੇ। ਮੰਤਰੀ ਕੁਵੈਤੀ ਆਗੂਆਂ ਨੂੰ ਭਾਰਤ ਦੇ ਮਾਨਯੋਗ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵੱਲੋਂ ਲਿਖੇ ਗਏ ਪੱਤਰ ਵੀ ਦੇਣਗੇ।

ਸ਼੍ਰੀ ਧਰਮਿੰਦਰ ਪ੍ਰਧਾਨ ਮਹਾਮਹਿਮ ਸ਼ੇਖ ਨਵਾਫ ਅਲ-ਅਹਿਮਦ ਅਲ-ਜਬਰ ਅਲ-ਸਬਾਹ ਨੂੰ ਕੁਵੈਤੀ ਰਾਜ ਦੇ ਨਵੇਂ ਅਮੀਰ ਅਤੇ ਮਹਾਮਹਿਮ ਸ਼ੇਖ ਮਿਸ਼ਾਲ ਅਲ-ਅਹਿਮਦ ਅਲ-ਜਬਰ ਅਲ ਸਬਾਹ  ਨੂੰ ਨਵੇਂ ਯੁਵਰਾਜ ਵਜੋਂ ਜ਼ਿੰਮੇਵਾਰੀਆਂ ਸੰਭਾਲਣ 'ਤੇ ਭਾਰਤ ਦੀ ਤਰਫੋਂ ਵਧਾਈ ਵੀ ਦੇਣਗੇ।

ਕੁਵੈਤ ਰਾਜ ਦੇ ਸਾਬਕਾ ਅਮੀਰ ਮਹਾਮਹਿਮ ਸ਼ੇਖ ਸਬਾਹ-ਅਲ-ਅਹਿਮਦ ਅਲ-ਜਬਰ ਅਲ-ਸਬਾਹ ਦਾ 29 ਸਤੰਬਰ, 2020 ਨੂੰ ਦਿਹਾਂਤ ਹੋ ਗਿਆ ਸੀ। ਵਿਦੇਸ਼ ਮੰਤਰੀ ਸ਼੍ਰੀ ਐਸ. ਜੈਸ਼ੰਕਰ 1 ਅਕਤੂਬਰ, 2020 ਨੂੰ ਭਾਰਤ ਵੱਲੋਂ ਸੋਗ ਪ੍ਰਗਟ ਕਰਨ ਲਈ ਨਵੀਂ ਦਿੱਲੀ ਵਿਖੇ ਕੁਵੈਤੀ ਦੂਤਘਰ ਗਏ ਸਨ। ਭਾਰਤ ਅੰਦਰ 4 ਅਕਤੂਬਰ, 2020 ਨੂੰ ਰਾਸ਼ਟਰੀ ਸੋਗ ਦਾ ਦਿਨ ਐਲਾਨਿਆ ਗਿਆ ਸੀ।

ਸਵਰਗੀ ਅਮੀਰ ਦੀ ਅਗਵਾਈ ਵਿਚ ਭਾਰਤ ਅਤੇ ਕੁਵੈਤ ਦੇ ਨੇੜਲੇ ਅਤੇ ਦੋਸਤਾਨਾ ਸੰਬੰਧ ਕਾਇਮ ਰਹੇ। ਉਹ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਆਪਸੀ ਹਿੱਤ ਲਈ ਦੁਵੱਲੇ ਸਬੰਧਾਂ ਨੂੰ ਸੇਧ ਦੇਣ ਅਤੇ ਮਜ਼ਬੂਤ ਕਰਨ ਦੇ ਮਾਮਲੇ 'ਚ ਭਾਰਤ ਦੇ ਸੱਚੇ ਦੋਸਤ ਅਤੇ ਸ਼ੁਭਚਿੰਤਕ ਸਨ। ਦਸ ਲੱਖ ਤੋਂ ਵੱਧ ਭਾਰਤੀ ਕੁਵੈਤ ਅੰਦਰ ਰਹਿ ਕੇ ਕੰਮ ਕਰਦੇ ਹਨ।

ਦੋਨੋਂ ਮੁਲਕ ਵੱਖੋ-ਵੱਖ ਖੇਤਰਾਂ ਵਿੱਚ ਆਪਣੇ ਇਤਿਹਾਸਕ ਸਬੰਧਾਂ ਨੂੰ ਅੱਗੇ ਵਧਾਉਂਦੇ ਰਹੇ ਹਨ ਅਤੇ ਦੋਨਾਂ ਨੇ COVID -19 ਦੌਰਾਨ ਨੇੜਲੀ ਭਾਈਵਾਲੀ ਵੀ ਕੀਤੀ ਹੈ।

ਨਵੀਂ ਦਿਲੀ
11 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.